# 25th Meeting of the Working Mechanism for Consultation & Coordination on India-China Border Affairs

October 14, 2022

## ਭਾਰਤ-ਚੀਨ ਸਰਹੱਦੀ ਮਾਮਲਿਆਂ 'ਤੇ ਸਲਾਹ-ਮਸ਼ਵਰਾ ਅਤੇ ਤਾਲਮੇਲ ਕਾਰਜ ਤੰਤਰ ਦੀ 25ਵੀਂ ਬੈਠਕ

**14 ਅਕਤੂਬਰ, 2022**

1. ਭਾਰਤ-ਚੀਨ ਸਰਹੱਦੀ ਮਾਮਲਿਆਂ (WMCC) ਬਾਰੇ ਸਲਾਹ-ਮਸ਼ਵਰਾ ਅਤੇ ਤਾਲਮੇਲ ਕਾਰਜ ਤੰਤਰ ਦੀ 25ਵੀਂ ਬੈਠਕ 14 ਅਕਤੂਬਰ, 2022 ਨੂੰ ਹੋਈ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਦੇ ਸੰਯੁਕਤ ਸਕੱਤਰ (ਪੂਰਬ ਏਸ਼ੀਆ) ਨੇ ਕੀਤੀ। ਚੀਨੀ ਵਿਦੇਸ਼ ਮੰਤਰਾਲੇ ਦੇ ਸੀਮਾ ਅਤੇ ਸਮੁੰਦਰੀ ਵਿਭਾਗ ਦੇ ਡਾਇਰੈਕਟਰ ਜਨਰਲ ਨੇ ਚੀਨੀ ਵਫ਼ਦ ਦੀ ਅਗਵਾਈ ਕੀਤੀ।

2. ਦੋਵਾਂ ਪੱਖਾਂ  ਨੇ ਭਾਰਤ-ਚੀਨ ਸਰਹੱਦੀ ਇਲਾਕੇ ਦੇ ਪੱਛਮੀ ਖੇਤਰ  ਵਿੱਚ ਅਸਲ ਕੰਟਰੋਲ ਰੇਖਾ (LAC) ਉੱਤੇ ਮੌਜੂਦ ਸਥਿਤੀ ਦੀ ਸਮੀਖਿਆ ਕੀਤੀ। ਮਈ 2022, ਵਿੱਚ ਹੋਈ WMCC ਦੀ ਆਖਰੀ ਬੈਠਕ ਤੋਂ ਬਾਅਦ ਦੇ ਘਟਨਾਕ੍ਰਮ ਨੂੰ ਯਾਦ ਕਰਦੇ ਹੋਏ ਉਨ੍ਹਾਂ ਨੇ ਗੋਗਰਾ-ਹਾਟ ਸਪ੍ਰਿੰਗਜ਼ (PP -15) ਖੇਤਰ ਵਿੱਚ 8-12 ਸਤੰਬਰ 2022 ਤੱਕ ਪੜਾਅਵਾਰ, ਤਾਲਮੇਲਪੂਰਨ ਅਤੇ ਤਸਦੀਕੀ ਢੰਗ ਨਾਲ ਕੀਤੀ ਗਈ ਡਿਸ ਗੇਜਮੈਂਟ ਦਾ ਸਵਾਗਤ ਕੀਤਾ। ਉਨ੍ਹਾਂ ਨੇ ਕਿਹਾ  ਕਿ ਇਹ ਕਦਮ ਵਿਦੇਸ਼ ਮੰਤਰੀ ਅਤੇ ਚੀਨੀ ਸਟੇਟ ਕੌਂਸਲਰ ਅਤੇ ਵਿਦੇਸ਼ ਮੰਤਰੀ ਦਰਮਿਆਨ ਹੋਏ ਸਮਝੌਤਿਆਂ ਨੂੰ ਦਰਸਾਉਂਦੇ ਹਨ, ਜਿਨ੍ਹਾਂ ਵਿੱਚ ਜੁਲਾਈ, 2022 ਵਿੱਚ ਬਾਲੀ ਵਿੱਚ ਹੋਈ ਉਨ੍ਹਾਂ ਦੀ ਹਾਲੀਆ ਬੈਠਕ ਵੀ ਸ਼ਾਮਲ ਹੈ।

3. ਦੋਵੇਂ ਪੱਖ LAC ਉੱਤੇ ਬਾਕੀ ਰਹਿੰਦੇ ਮੁੱਦਿਆਂ ਨੂੰ ਛੇਤੀ ਤੋਂ ਛੇਤੀ ਹੱਲ ਕਰਨ ਲਈ ਕੂਟਨੀਤਕ ਅਤੇ ਫੌਜੀ ਚੈਨਲਾਂ ਰਾਹੀਂ ਗੱਲਬਾਤ ਜਾਰੀ ਰੱਖਣ ਉੱਤੇ ਸਹਿਮਤ ਹੋਏ ਤਾਂ ਜੋ ਦੁਵੱਲੇ ਸਬੰਧਾਂ ਵਿੱਚ ਆਮ ਸਥਿਤੀ ਬਹਾਲ ਕਰਨ ਲਈ ਢੁਕਵੇਂ ਹਾਲਾਤ ਪੈਦਾ ਕੀਤੇ ਜਾ ਸਕਣ।

4. ਮੌਜੂਦਾ ਦੁਵੱਲੇ ਸਮਝੌਤਿਆਂ ਅਤੇ ਪ੍ਰੋਟੋਕੋਲਾਂ ਅਨੁਸਾਰ ਪੱਛਮੀ ਖੇਤਰ ਵਿੱਚ LAC ਉੱਤੇ ਬਾਕੀ ਰਹਿੰਦੇ ਮੁੱਦਿਆਂ ਦੇ ਹੱਲ ਲਈ ਦੋਵੇਂ ਪੱਖ ਸੀਨੀਅਰ ਕਮਾਂਡਰਾਂ ਦੀ ਬੈਠਕ ਦਾ ਅਗਲਾ  (17ਵਾਂ) ਗੇੜ ਛੇਤੀ ਕਰਨ ਉੱਤੇ ਸਹਿਮਤ ਹੋਏ।

ਨਵੀਂ ਦਿੱਲੀ
14 ਅਕਤੂਬਰ, 2022

DISCLAIMER: This is an approximate translation. The original is available in English on MEA's website and may be referred to as the official press release.